

# ਸ਼ਹੀਦ ਭਗਤ ਸਿੰਘ ਜੀ ਦੀ ਜੀਵਨੀ, ਲੇਖ

Made with KINEMASTER

# ਭੂਮਿਕਾ-

ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸਰਦਾਰ ਭਗਤ ਸਿੰਘ ਦੀ ਮਹੱਤਵਪੂਰਨ ਭੂਮਿਕਾ ਹੈ। ਉਹ ਬਹਾਦਰ, ਨਿਡਰ ਅਤੇ ਕ੍ਰਾਂਤੀਕਾਰੀ ਸੁਭਾਅ ਦੇ ਸਨ।

Made with KINEMASTER

# ਜਨਮ ਅਤੇ ਮਾਤਾ-ਪਿਤਾ

ਭਗਤ ਸਿੰਘ ਦਾ ਜਨਮ 28 ਸਤੰਬਰ,1907 ਈ. ਨੂੰ ਜਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ ਵਿੱਚ) ਦੇ ਪਿੰਡ ਬੰਗਾ, ਚੱਕ ਨੰਬਰ 105 ਵਿੱਚ ਹੋਇਆ ਸੀ।

Made with KINEMASTER

# ਆਪ ਦਾ ਜੱਦੀ ਪਿੰਡ ਖਟਕੜ ਕਲਾਂ ਸੀ।






Made with KINEMASTER

ਆਪ ਦੇ ਪਿਤਾ ਦਾ ਨਾਂ ਸ. ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਿਆਵਤੀ ਸੀ। ਆਪ ਦਾ ਪੂਰਾ ਪਰਿਵਾਰ ਦੇਸ਼ ਭਗਤਾਂ ਦਾ ਸੀ।

Made with KINEMASTER

## ਵਿੱਦਿਆ-

ਆਪ ਨੇ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਕੇ, ਦਸਵੀਂ ਡੀ. ਏ.ਵੀ. ਸਕੂਲ ਲਾਹੌਰ ਤੋਂ ਕੀਤੀ। ਫ਼ਿਰ ਆਪ ਨੈਸ਼ਨਲ ਕਾਲਜ ਲਾਹੌਰ ਵਿੱਚ ਦਾਖਲ ਹੋਏ। ਇੱਥੇ ਹੀ ਉਹਨਾਂ ਨੇ ਨੌਜਵਾਨ ਭਾਰਤ ਸਭਾ ਬਣਾਈ।


Made with KINEMASTER

## ਅਜ਼ਾਦੀ ਲਈ ਸਰਗਰਮੀਆਂ-


ਕਾਲਜ਼ ਵਿੱਚ ਪੜ੍ਹਦੇ ਹੀ ਭਗਤ ਸਿੰਘ ਨੂੰ ਦੇਸ਼ ਦੀ ਅਜ਼ਾਦੀ ਦੀ ਲਗਨ ਲੱਗ ਗਈ ਸੀ। ਉਹ ਬਹੁਤ ਸਾਰੀਆਂ ਕ੍ਰਾਂਤੀਕਾਰੀ ਜਥੇਬੰਦੀਆਂ ਨਾਲ ਜੁੜ ਗਏ ਸਨ।

# ਸਾਂਡਰਸ ਦਾ ਕਤਲ-

ਸਾਇਮਨ ਕਮਿਸ਼ਨ ਦਾ ਵਿਰੋਧ ਕਰ ਰਹੇ ਭਾਰਤੀ ਇਕੱਠ ਤੇ ਅੰਗਰੇਜ਼ਾਂ ਨੇ ਲਾਠੀਚਾਰਜ਼ ਕੀਤਾ ਸੀ। ਇਸ ਵਿੱਚ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਸੀ।






Made with KINEMASTER

ਭਗਤ ਸਿੰਘ, ਚੰਦਰ ਸ਼ੇਖਰ ਅਤੇ ਸੁਖਦੇਵ ਨੇ ਲਾਲਾ
ਜੀ ਦੀ ਮੌਤ ਦਾ ਬਦਲਾ ਲੈਣ ਦਾ ਫ਼ੈਸਲਾ ਕਰ ਲਿਆ।
ਉਹਨਾਂ ਸਾਂਡਰਸ ਨੂੰ ਮਾਰ ਕੇ ਇਸਦਾ ਬਦਲਾ ਲਿਆ।

Made with KINEMASTER

## ਅਸੈਂਬਲੀ ਹਾਲ ਵਿੱਚ ਬੰਬ ਸੁੱਟਣੇ-

ਸਾਰੀ ਦੁਨੀਆ ਤੱਕ ਭਾਰਤ ਦੀ ਅਜ਼ਾਦੀ ਦੀ ਮੰਗ ਪਹੁੰਚਾਉਣ ਲਈ ਭਗਤ ਸਿੰਘ ਅਤੇ ਬੀ.ਕੇ.ਦੱਤ ਨੇ ਅਸੈਂਬਲੀ ਹਾਲ ਵਿੱਚ ਬੰਬ ਸੁੱਟੇ। ਉਹ ਉੱਥੋਂ ਭੱਜੇ ਨਹੀਂ ਸਗੋਂ 'ਇਨਕਲਾਬ- ਜਿੰਦਾਬਾਦ' ਦੇ ਨਾਹਰੇ ਲਗਾਉਂਦੇ ਹੋਏ ਗ੍ਰਿਫ਼ਤਾਰੀ ਦੇ ਦਿੱਤੀ।




## ਮੁਕੱਦਮਾ ਅਤੇ ਫ਼ਾਂਸੀ-

ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਤੇ ਸਾਂਡਰਸ ਕਤਲ ਕੇਸ, ਸਰਕਾਰੀ ਡਕੈਤੀ ਅਤੇ ਅਸੈਂਬਲੀ ਹਾਲ ਵਿੱਚ ਬੰਬ ਸੁੱਟਣ ਦੇ ਮੁਕੱਦਮੇ ਚਲਾਏ ਗਏ।




Made with KINEMASTER

ਉਹਨਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ। 23 ਮਾਰਚ, 1931 ਨੂੰ ਤਿੰਨਾਂ ਦੇਸ਼-ਭਗਤਾਂ ਨੂੰ ਫ਼ਾਂਸੀ ਤੇ ਲਟਕਾ ਦਿੱਤਾ ਗਿਆ।

Made with KINEMASTER

## ਅੰਤਿਮ ਸੰਸਕਾਰ-


ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਲਾਸ਼ਾਂ ਵਾਰਸਾਂ ਦੇ ਹਵਾਲੇ ਕਰਨ ਦੀ ਬਜਾਏ ਫਿਰੋਜ਼ਪੁਰ ਵਿਖੇ ਸਤਲੁਜ ਦਰਿਆ ਕੰਢੇ ਹੁਸੈਨੀਵਾਲਾ ਲਿਆ ਕੇ ਸਾੜ ਦਿੱਤੀਆਂ ਗਈਆਂ ਸਨ।

Made with KINEMASTER

ਇੱਥੇ ਹੀ ਤਿੰਨਾਂ ਦੇਸ਼-ਭਗਤਾਂ ਦੀ ਯਾਦਗਾਰ ਬਣੀ ਹੋਈ ਹੈ।











ਇੱਥੇ ਹਰ ਸਾਲ ਉਹਨਾਂ ਦੀ ਯਾਦ ਵਿੱਚ ਮੇਲਾ ਲੱਗਦਾ ਹੈ।

Made with KINEMASTER

# ਸਾਰੰਸ਼-

ਭਗਤ ਸਿੰਘ ਦੀ ਕੁਰਬਾਨੀ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਭਾਰਤੀਆਂ ਨੂੰ ਉਹਨਾਂ ਉੱਤੇ ਮਾਣ ਹੈ। ਆਪ ਦਾ ਨਾਮ ਸਦਾ ਅਮਰ ਰਹੇਗਾ।